# ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ),ਲੁਧਿਆਣਾ

ਵੱਲ

ਸਮੂਹ ਸਕੂਲ ਮੁਖੀ
ਸਸਸਸ/ਸਹਸ/ਸਮਿਸ/ਪ੍ਰਾਈਵੇਟ/ਏਡਿਡ
ਲੁਧਿਆਣਾ।,

ਪੱਤਰ ਨੰ-ਸੈ.ਸਿ/ਜੀ-1/2024- 12585 ਮਿਤੀ-ਲੁਧਿਆਣਾ 16-12-2024

ਵਿਸ਼ਾ- ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਐਂਡ ਅਦਰਜ਼ (ਕੰਪੋਨੈਂਟ-1) (ਕੰਪੋਨੈਂਟ-2) ਸਕੀਮ ਅਧੀਨ ਸਾਲ 2024-25 ਦੇ ਯੋਗ ਲਾਭਪਾਤਰੀਆਂ ਨੂੰ ਐਨ.ਐਸ.ਪੀ ਪੋਰਟਲ ਤੇ ਅਪਲਾਈ ਅਤੇ ਵੈਰੀਫਾਈ ਕਰਨ ਸਬੰਧੀ।

ਹਵਾਲਾ - ਇਸ ਦਫਤਰ ਦੇ ਪੱਤਰ ਨੰ. ਸੈ.ਸਿ/ਜੀ-1/2024-11241 ਮਿਤੀ 11/12/2024

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਸਮੂਹ ਸਕੂਲ ਮੁਖੀਆਂ ਨੂੰ ਆਖਰੀ ਮੌਕਾ ਦਿੰਦੇ ਹੋਏ ਲਿਖਿਆ ਜਾਂਦਾ ਹੈ ਕਿ ਉਕਤ ਸਕੀਮ.ਅਧੀਨ ਘੱਟ ਵਿਦਿਆਰਥੀ ਅਪਲਾਈ ਹੋਣ ਕਾਰਨ ਭਾਰਤ ਸਰਕਾਰ ਵੱਲੋਂ ਸਖਤ ਨੋਟਿਸ ਜਾਰੀ ਕੀਤਾ ਗਿਆ ਹੈ। ਭਾਰਤ ਸ਼ਰਕਾਰ ਵੱਲੋਂ ਪ੍ਰਾਪਤ ਪੱਤਰ ਅਨੁਸਾਰ ਵਾਰ ਵਾਰ ਪੱਤਰ ਭੇਜਣ ਦੇ ਬਾਵਜੂਦ ਵੀ ਹਲੇ ਤੱਕ ਬਹੁਤ ਹੀ ਘੱਟ ਵਿਦਿਆਰਥੀਆਂ ਨੂੰ ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਅਪਲਾਈ ਕਰਵਾਇਆ ਗਿਆ ਹੈ।

ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੋ ਵੀ DEFECTIVE ਵਿਦਿਆਰਥੀ ਸ਼ੋਅ ਹੋ ਰਹੇ ਹਨ ਉਹਨਾਂ ਨੂੰ ਸਹੀ ਕਰਕੇ ਤੁਰੰਤ ਵੈਰੀਫ਼ਾਈ ਕੀਤਾ ਜਾਵੇ। ਜੇਕਰ ਕਿਸੇ ਵੀ RENEWAL ਵਿਦਿਆਰਥੀਆਂ ਨੂੰ ਰਿਜੈਕਟ ਕੀਤਾ ਜਾਂਦਾ ਹੈ ਤਾਂ ਉਸ ਵਿਦਿਆਰਥੀ ਨੂੰ ਰਿਜੈਕਟ ਕਰਨ ਦਾ ਕਾਰਨ ਸਪੱਸ਼ਟ ਹੋਣਾ ਚਾਹੀਦਾ ਹੈ। ਮਿੱਥੇ ਸਮੇਂ ਦੇ ਅੰਦਰ ਅੰਦਰ ਵੱਧ ਤੋਂ ਵੱਧ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਵਾਇਆ ਜਾਵੇ , ਇਸ ਸਬੰਧ ਵਿੱਚ ਜਲਦ ਹੀ ਮੁੱਖ ਦਫਤਰ ਵੱਲੋਂ ਮੀਟਿੰਗ ਲਈ ਜਾਣੀ ਹੈ ਕਿ ਜਿੰਨਾ ਸਕੂਲਾਂ ਵੱਲੋਂ ਹਲੇ ਤੱਕ ਵਿਦਿਆਰਥੀਆਂ ਨੂੰ ਰਜਿਸਟਰ ਅਤੇ ਵੈਰੀਫਾਈ ਨਹੀਂ ਕੀਤਾ ਗਿਆ ਤਾਂ ਉਹ ਇਸ ਦਾ ਸਪੱਸ਼ਟੀਕਰਨ ਮੁੱਖ ਦਫਤਰ ਵੱਲੋਂ ਲਈ ਜਾਣ ਵਾਲੀ ਮੀਟਿੰਗ ਵਿੱਚ ਨਿੱਜੀ ਤੌਰ ਤੇ ਹਾਜਰ ਹੋ ਕੇ ਦੇਣਗੇ। ਜੇਕਰ ਕੋਈ ਯੋਗ ਵਿਦਿਆਰਥੀ ਅਪਲਾਈ ਕਰਨ ਤੋਂ ਵਾਂਝਾ ਰਹਿ ਜਾਂਦਾ ਹੈ ਤਾਂ ਇਸਦੀ ਨਿਰੋਲ ਜਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ ਇਸ ਲਈ ਸਮੂਹ ਸਕੂਲ ਵਿਦਿਆਰਥੀਆਂ ਨੂੰ ਤੁਰੰਤ ਵੈਰਫਾਈ ਕਰਨ ਦਾ ਕੰਮ ਮੁਕੰਮਲ ਕਰਨ।

**ਨੋਟ: ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਹੇਠ ਦਿੱਤੇ ਗਏ ਸਰਟੀਫਿਕੇਟ ਵਿੱਚ ਵਿਦਿਆਰਥੀਆਂ ਸਬੰਧੀ ਜਾਣਕਾਰੀ ਭਰ ਕੇ 16 ਦਸੰਬਰ ਤੱਕ ਹਾਰਡ ਕਾਪੀ ਦਫਤਰ ਵਿੱਚ ਪਹੁੰਚਦੀ ਕੀਤੀ ਜਾਵੇ। ਪ੍ਰੰਤੂ ਬੜੇ ਖੇਦ ਦੀ ਗੱਲ ਕਿ ਬਹੁਤ ਸਾਰੇ ਸਕੂਲਾਂ ਵੱਲੋਂ ਦਫਤਰ ਵਿੱਚ ਹਾਰਡ ਕਾਪੀ ਪਹੁੰਚਦੀ ਨਹੀਂ ਕੀਤੀ ਜੇਕਰ ਮਿਤੀ 18/12/2024 ਤੱਕ ਦਫਤਰ ਵਿਖੇ ਸਰਟੀਫਿਕੇਟ ਨਾ ਪਹੁੰਚਦੇ ਕੀਤੇ ਗਏ ਤਾਂ ਆਪ ਜੀ ਦੇ ਨਾਮ ਮੁੱਖ ਦਫਤਰ ਨੂੰ ਭੇਜ ਦਿੱਤੇ ਜਾਣਗੇ।**

ਨੱਥੀ-ਸਰਟੀਫਿਕੇਟ (ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ.ਐਂਡ ਅਦਰਜ਼.(ਕੰਪੋਨੈਂਟ-1) ਸਕੀਮ।

Pooja Vaid

for ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਲੁਧਿਆਣਾ 16/12/2024

**ਸਰਟੀਫਿਕੇਟ (ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ.ਐਂਡ ਅਦਰਜ਼ (ਕੰਪੋਨੈਂਟ-1) ਸਕੀਮ**

1.0 ਤਸਦੀਕ ਕੀਤਾ ਜਾਂਦਾ ਹੈ ਕਿ ਸਕੂਲ............................................................................................... ਅਧੀਨ ਆਉਂਦੇ ਪ੍ਰੀ ਮੈਟ੍ਰਿਕ ਸਕਾਲਸ਼ਿਪ ਫਾਰ ਐਸ.ਸੀ. ਐਂਡ ਅਦਰਜ਼ (ਕੰਪੋਨੈਂਟ-1) ਸਕੀਮ ਅਧੀਨ ਸੈਸ਼ਨ 2024-25 ਦੌਰਾਨ ਐਨ.ਐਸ.ਪੀ ਪੋਰਟਲ ਤੇ ਹੇਠ ਲਿਖੇ ਅਨੁਸਾਰ ਯੋਗ ਵਿਦਿਆਰਥੀਆਂ ਨੂੰ ਅਪਲਾਈ ਕਰਵਾ ਲਿਆ ਗਿਆ ਹੈ।

2.0 ਤਸਦੀਕ ਕੀਤਾ ਜਾਂਦਾ ਹੈ ਕਿ ਉਪਰੋਕਤ ਅਨੁਸਾਰ ਸਕੂਲ ਦੇ ਦਸਵੀਂ (RENEWAL) ਦੇ ਕੁੱਲ .............ਯੋਗ ਰੀਨਿਊਲ ਵਿਦਿਆਰਥੀ ਹਨ, ਜਿਨ੍ਹਾ ਵਿੱਚੋਂ ਕੁੱਲ................ ਯੋਗ ਰਿਨਿਊਲ ਵਿਦਿਆਰਥੀਆਂ ਵੱਲੋਂ ਐਨ.ਐਸ.ਪੀ ਪੋਰਟਲ ਤੇ ਅਪਲਾਈ ਕਰ ਲਿਆ ਗਿਆ ਹੈ।

3.0 ਜੇਕਰ ਸਕੂਲ ਵੱਲੋਂ ਵਿਦਿਆਰਥੀ ਨੂੰ ਰਿਨਿਊ ਨਹੀਂ ਕੀਤਾ ਗਿਆ ਤਾਂ ਇਸ ਦਾ ਕਾਰਨ ਵੀ ਦਫਤਰ ਵਿੱਚ ਹਾਰਡ ਕਾਪੀ ਤੇ ਲਿਖ ਕੇ ਦਿੱਤਾ ਜਾਵੇ।

4.0 ਇਸ ਤੋਂ ਇਲਾਵਾ ਪ੍ਰੀ.ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ ਐਂਡ ਅਦਰਜ਼ (ਕੰਪੋਨੈਂਟ-1) ਸਕੀਮ ਅਧੀਨ ਸੈਸ਼ਨ 2024-25 ਲਈ ਸਕੂਲ ਦੇ ਨੌਵੀਂ ਜਮਾਤ ਦੇ ਫਰੈਸ਼ ਯੋਗ ਵਿਦਿਆਰਥੀਆਂ ਜੋ ਕਿ ਸਕੀਮ ਦੀਆਂ ਲੋੜੀਦੀਆਂ ਯੋਗਤਾਵਾਂ ਪੂਰੀਆਂ ਕਰਦੇ ਹਨ, ਨੂੰ ਐਨ.ਐੱਸ.ਪੀ ਪੋਰਟਲ ਤੇ ਅਪਲਾਈ ਕਰਵਾ ਲਿਆ ਗਿਆ ਹੈ ਅਤੇ ਕੋਈ ਵੀ ਯੋਗ ਲਾਭਪਾਤਰੀ ਅਪਲਾਈ ਕਰਨ ਤੋਂ ਵਾਂਝਾ ਨਹੀਂ ਰਿਹਾ ਹੈ।

5.0 ਉਪਰੋਕਤ ਸੂਚਨਾ ਸਹੀ ਤੇ ਦਰੁੱਸਤ ਹੈ।

ਮਿਤੀ-

ਸਕੂਲ ਮੁਖੀ ਦੇ ਹਸਤਾਖਰ